***ਜ਼ਰੂਰੀ ਨਿਯਮ ਅਤੇ ਸ਼ਰਤਾਂ***

1. ਇਹ ItzCash eWallet ਖਾਤਾ (ਅੱਧਾ ਬੰਦ ਪ੍ਰੀਪੇਡ ਇੰਸਟਰੂਮੈਂਟ "eWallet") ਇਕ ਅਸਲੀ ਖਾਤਾ ਹੈ ਜੋ ਉਪਭੋਗਤਾ ਨੂੰ ਸਾਰੇ ਵਪਾਰੀਆਂ ਦੀ ਵੈਬਸਾਈਟ ਉੱਤੇ ਇਸ ਨੂੰ ਵਰਤਣ ਦੇ ਯੋਗ ਬਣਾਉਂਦਾ ਹੈ ਜਿੱਥੇ ItzCash ਭੁਗਤਾਨ ਕਰਨ ਦੇ ਤਰੀਕੇ ਨੂੰ ਸਮੁੱਚਾ ਰੂਪ ਦਿੱਤਾ ਜਾਂਦਾ ਹੈ। ਇਹ eWallet ਖਾਤਾ Payment and Settlement Systems Act, 2007 ਅਤੇ ਇਸਦੇ ਤਹਿਤ ਬਣੇ ਕਾਇਦਿਆਂ, ਭਾਰਤ ਵਿੱਚ ਪ੍ਰੀ-ਪੇਡ ਭੁਗਤਾਨ ਇੰਸਟਰੂਮੈਂਟਸ ਨੂੰ ਜਾਰੀ ਅਤੇ ਸੰਚਾਲਨ ਕਰਨ (ਰਿਜ਼ਰਵ ਬੈਂਕ) ਦੇ ਨਿਰਦੇਸ਼ਾਂ, 2009 ("RBI ਦਿਸ਼ਾ-ਨਿਰਦੇਸ਼") ਅਤੇ ਸਮੇਂ-ਸਮੇਂ ਤੇ RBI ਦੁਆਰਾ ਜਾਰੀ ਕੀਤੀਆਂ ਮੌਜੂਦ ਸੂਚਨਾਵਾਂ/ਨਿਰਦੇਸ਼ਾਂ/ਹਿਦਾਇਤਾਂ/ਦਿਸ਼ਾ-ਨਿਰਦੇਸ਼ਾਂ ਦੁਆਰਾ ਨਿਯੰਤ੍ਰਿਤ ਕੀਤੇ ਜਾਂਦੇ ਹਨ।

2. ਉਪਭੋਗਤਾ ਨੂੰ https://www.itzcash.com/user ਉੱਤੇ ਪ੍ਰਦਾਨ ਕੀਤੇ ਰਜਿਸਟ੍ਰੇਸ਼ਨ ਪੰਨੇ ਉੱਤੇ ਆਪਣਾ ਨਾਮ, ਮੋਬਾਈਲ ਨੰਬਰ ਅਤੇ ਈਮੇਲ ID ਦਰਜ ਕਰਕੇ ਰਜਿਸਟਰ ਕਰਨ ਦੀ ਲੋੜ ਹੁੰਦੀ ਹੈ।

3. ਰਜਿਸਟ੍ਰੇਸ਼ਨ ਦੀ ਸਫਲਤਾ ਉੱਤੇ, ਉਪਭੋਗਤਾ ਨੂੰ ਇਕ ਜ਼ੀਰੋ ਬੈਲੇਂਸ ItzCash eWallet ਖਾਤਾ (ਜਿਸ ਵਿੱਚ ਖਾਤੇ ਦਾ ਸੀਰੀਅਲ ਨੰਬਰ ਅਤੇ 4 ਅੰਕ ਦਾ ਟ੍ਰਾਂਜੈਕਸ਼ਨ ਪਿੰਨ ਸ਼ਾਮਲ ਹੈ) ਮਿਲੇਗਾ ਅਤੇ ਉਪਭੋਗਤਾ ਦੇ ਮੋਬਾਈਲ ਅਤੇ/ਜਾਂ ਈਮੇਲ ਪਤੇ ਤੇ ਉਸ ਨੂੰ ਤਸਦੀਕੀ ਕਿਰਿਆ ਭੇਜ ਦਿੱਤੀ ਜਾਂਦੀ ਹੈ।

4. ਉਪਭੋਗਤਾ ਲਾਗੂ ਹੁੰਦੀ ਰਜਿਸਟ੍ਰੇਸ਼ਨ ਫੀਸ ਦਾ ਭੁਗਤਾਨ ਕਰਕੇ ItzCash World (ICW) ਆਉਟਲੈਟ ਦੁਆਰਾ ਵੀ ਰਜਿਸਟਰ ਕਰ ਸਕਦਾ ਹੈ।

5. ਇਸ ਈ-ਵਾੱਲੇਟ ਦੀ ਵਰਤੋਂ ਯੂਟਿਲਿਟੀ ਅਤੇ ਜਰੂਰੀ ਸੇਵਾਂਵਾਂ ਦੇ ਬਿਲਾਂ ਦੇ ਭੁਗਤਾਨ ਲਈ ਕੀਤੀ ਜਾ ਸਕਦੀ ਹੈ। ਜੇਕਰ ਵਰਤੋਂ ਗੈਰ ਯੂਟਿਲਿਟੀ ਅਤੇ ਜਰੂਰੀ ਸੇਵਾਂਵਾਂ ਦੇ ਬਿਲਾਂ ਦੇ ਭੁਗਤਾਨ ਲਈ ਕੀਤੀ ਜਾਂਦੀ ਹੈ, ਤਾਂ ਕਾਰਡ ਦੀ ਵਰਤੋਂ RBI ਦੁਆਰਾ ਸਮੇਂ ਸਮੇਂ ਤੇ ਨਿਰਧਾਰਤ ਹਦਾਇਤਾਂ ਦੀ ਪਾਲਣਾ ਅਧੀਨ ਹੋਵੇਗੀ। ਯੂਟਿਲਿਟੀ ਅਤੇ ਜਰੂਰੀ ਸੇਵਾਂਵਾਂ ਦੇ ਬਿਲਾਂ ਦੇ ਭੁਗਤਾਨ ਲਈ ਈ-ਵਾੱਲੇਟ ਦੀ ਵੱਧ ਤੋਂ ਵੱਧ ਸੀਮਾ 10,000 ਰੁਪਏ ਹੈ, ਅਤੇ KYC ਦਸਤਾਵੇਜ਼ ਜਮ੍ਹਾਂ ਕਰਾਉਣ ਤੋਂ ਬਾਅਦ ਇਸ ਕਾਰਡ ਤੇ ਸਮਰਥਿਤ ਬਾਕੀ ਸਾਰੀਆਂ ਵਾਧੂ ਸੇਵਾਂਵਾਂ ਲਈ ਇਹ ਸੀਮਾ 1,00,000 ਰੁਪਏ ਹੈ।

6. ItzCash eWallet ਦੀ ਵਰਤੋਂ ਭਾਰਤੀ ਰਿਜ਼ਰਵ ਬੈਂਰ ਦੁਆਰਾ ਸਮੇਂ-ਸਮੇਂ ਤੇ ਖਲਾਸੀ, ਅਦਾਇਗੀ, ਵਰਤੋਂ ਆਦਿ ਦੇ ਸਬੰਧ ਵਿੱਚ ਜਾਰੀ ਕੀਤੇ ਨਿਰਦੇਸ਼ਾਂ/ਹਿਦਾਇਤਾਂ/ਸੂਚਨਾਵਾਂ/ਦਿਸ਼ਾ-ਨਿਰਦੇਸ਼ਾਂ ਦੇ ਵੀ ਅਧੀਨ ਹੈ ਅਤੇ ItzCash ਅਜਿਹੇ ਹਾਲਾਤਾਂ ਵਿੱਚ ਉਪਭੋਗਤਾ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ।

7. ItzCash Card Limited ਦੇ ਨਿਯਮ ਅਤੇ ਸ਼ਰਤਾਂ ItzCash ਭੁਗਤਾਨ ਗੇਟਵੇਅ ਉੱਤੇ ਇਸ eWallet ਦੀ ਵਰਤੋਂ ਲਈ ਲਾਗੂ ਹੋਣਗੀਆਂ, ਜਿਵੇਂ ਸਮੇਂ-ਸਮੇਂ ਤੇ ਸੰਸ਼ੋਧਣ ਕੀਤਾ ਜਾਵੇ। ਇਸ eWallet ਦੀ ਵਰਤੋਂ ਉਪਰੋਕਤ ਨਿਯਮਾਂ ਅਤੇ ਸ਼ਰਤਾਂ ਦਾ ਸਵੀਕਾਰ ਕੀਤਾ ਜਾਣਾ ਸ਼ਾਮਲ ਕਰਦੀ ਹੈ।

8. ItzCash eWallet ਸਿਰਫ਼ ਉਹਨਾਂ ਵਿਅਕਤੀਆਂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਹਨਾਂ ਨੇ 18 ਸਾਲ ਜਾਂ ਵੱਧ ਉਮਰ ਪੂਰੀ ਕਰ ਲਈ ਹੋਵੇ।

9. ItzCash eWallet ਉਹਨਾਂ ਵਪਾਰੀਆਂ ਵਲੋਂ ਮਾਲ ਅਤੇ ਸੇਵਾਵਾਂ ਦੀ ਖਰੀਦਾਰੀ ਵੱਲ ਭੁਗਤਾਨ ਨੂੰ ਪ੍ਰਭਾਵੀ ਬਣਾਉਣ ਲਈ ਔਨਲਾਈਨ ਟ੍ਰਾਂਜੈਕਸ਼ਨਾਂ ਕਰਨ ਲਈ ਵਰਤਿਆ ਜਾ ਸਕਦਾ ਹੈ, ਜਿਹਨਾਂ ਦੀ ਵੈਬਸਾਈਟ ਉੱਤੇ ItzCash ਭੁਗਤਾਨ ਗੇਟਵੇਅ ਦਾ ਏਕੀਕਰਣ ਹੈ।

10. ItzCash ਉਸ ਉਤਪਾਦ ਜਾਂ ਸੇਵਾਵਾਂ ਦੀ ਗੁਣਵੱਤਾ/ਮਾਤਰਾ ਅਤੇ ਕਾਰਜਸ਼ੀਲਤਾ ਲਈ ਜ਼ਿੰਮੇਵਾਰ ਨਹੀਂ ਹੋਵੇਗਾ ਜੋ eWallet ਨੂੰ ਵਰਤ ਕੇ ਹਾਸਲ ਕੀਤੀਆਂ ਗਈਆਂ ਹਨ। ItzCash ਇਸ eWallet ਨੂੰ ਵਰਤਣ ਦੁਆਰਾ ਹਾਸਲ ਕੀਤੇ ਉਤਪਾਦ/ਸੇਵਾਵਾਂ ਲਈ ਕਿਸੇ ਨੁਕਸਾਨ ਦੇ ਖਿਲਾਫ਼ ਕੋਈ ਵਾਰੰਟੀ ਵੀ ਨਹੀਂ ਦਿੰਦਾ।

11. ItzCash ਮਨੋਨੀਤ ਕੀਤੇ ਵਪਾਰੀਆਂ ਦੀ ਵੈਬਸਾਈਟ ਉੱਤੇ eWallet ਦੀ ਵਰਤੋਂ ਲਈ ਭੁਗਤਾਨ ਗੇਟਵੇਅ ਸੇਵਾ ਫੀਸ ਦਾ ਖਰਚਾ ਪਾ ਸਕਦਾ ਹੈ। ਦੱਸੀ ਗਈ ਫੀਸ ਸਮੇਂ-ਸਮੇਂ ਤੇ ਲਾਗੂ ਹੋਣ ਵਜੋਂ ਟ੍ਰਾਂਜੈਕਸ਼ਨ ਦੇ ਸਮੇਂ ਤੇ ਭੁਗਤਾਨ ਗੇਟਵੇਅ ਪੰਨੇ ਉੱਤੇ ਦਿਖਾਈ ਜਾਵੇਗੀ।

12. ਇਸ eWallet ਖਾਤੇ ਉੱਤੇ ਕਿਸੇ ਖਲਾਸੀ, ਜਾਂ ਨਕਦ ਕਢਾਉਣ ਦੀ ਇਜਾਜ਼ਤ ਨਹੀਂ ਹੁੰਦੀ।

13. ਰੋਕ ਲਗਾਏ ਮਾਲ/ਸੇਵਾਵਾਂ, ਆਤੰਕਵਾਦੀ ਕਿਰਿਆਵਾਂ ਵਿੱਚ ਪੈਸਾ ਲਗਾਉਣ, ਕਾਲੇ ਪੈਸੇ ਨੂੰ ਲੁਕਾਉਣ, ਲਾਟਰੀ ਜਿੱਤਣ ਦੀਆਂ ਸਕੀਮਾਂ, ਬਾਰਡਰ ਦੇ ਆਰ-ਪਾਰ ਅਤੇ/ਜਾਂ ਵਿਦੇਸ਼ੀ ਮੁਦਰਾ ਵਿੱਚ ਟ੍ਰਾਂਜੈਕਸ਼ਨਾ ਲਈ ItzCash eWallet ਦੀ ਵਰਤੋਂ ਕਰਨ ਦੀ ਸਖਤ ਮਨਾਹੀ ਹੈ।

14. ItzCash ਸਮੇਂ ਸਮੇਂ ਤੇ ਦੱਸੇ ਮੁਤਾਬਕ eWallet ਉੱਤੇ ਅਕਿਰਿਆਸ਼ੀਲ ਖਾਤੇ ਦੀਆਂ ਫੀਸਾਂ ਦਾ ਖਰਚਾ ਪਾ ਸਕਦਾ ਹੈ।

15. ਇਹ ਈ-ਵਾੱਲੇਟ ਕਿਰਿਆਸ਼ੀਲ ਹੋਣ ਦੀ ਮਿਤੀ ਜਾਂ ਪਹਿਲੀ ਵਰਤੋਂ ਦੀ ਮਿਤੀ ਤੋਂ 4 ਸਾਲਾਂ ਦੀ ਮਿਆਦ ਲਈ ਵੈਧ ਹੈ ਜੋ ਵੀ ਪਹਿਲਾਂ ਆਉਂਦੀ ਹੈ। ਇਸ ਈ-ਵਾੱਲੇਟ ਵਿੱਚ ਨਾ ਵਰਤਿਆ ਗਿਆ ਕੋਈ ਵੀ ਬਕਾਇਆ RBI ਦੀਆਂ ਹਦਾਇਤਾਂ ਮੁਤਾਬਕ ਕਾਰਡ ਦੀ ਤਹਿ ਸੀਮਾ ਪੂਰੀ ਹੋਣ ਤੋਂ ਬਾਅਦ ਖਤਮ ਹੋ ਜਾਵੇਗਾ।

16. ਉਪਭੋਗਤਾ ਜਿੱਤੇ ਇਨਾਮ/ਲਾਟਰੀ/ਔਫਰਾਂ ਉੱਤੇ ਕਾਲਾਂ/SMS/ਈਮੇਲਾਂ ਵੱਲ ਜਵਾਬ ਨਹੀਂ ਦਿੰਦਾ ਕਿਉਂਕਿ ਇਹ ਧੋਖੇਧੜੀ ਵਾਲੀਆਂ ਕਾਲਾਂ/ SMS/ਈਮੇਲਾਂ ਹੋ ਸਕਦੀਆਂ ਹਨ ਅਤੇ ਕਿਸੇ ਨੂੰ ਵੀ eWallet ਖਾਤਾ ਨੰਬਰ ਅਤੇ PIN ਦਾ ਖੁਲਾਸਾ ਨਾ ਕਰੋ ਕਿਉਂਕਿ ਇਹ eWallet ਖਾਤੇ ਵਿੱਚ ਪਏ ਪੈਸਿਆਂ ਕਰਕੇ ਹੋ ਸਕਦਾ ਹੈ।

17. ItzCash eWallet ਦੀ ਕੋਈ ਦੁਰਵਰਤੋਂ ਜਾਂ ਨਿਯਮਾਂ ਅਤੇ ਸ਼ਰਤਾਂ ਦਾ ਉਲੰਘਣ eWallet ਖਾਤੇ ਦੇ ਬਲੌਕ/ਰੱਦ ਹੋਣ ਨੂੰ ਲਾਗੂ ਕਰੇਗਾ।

18. ਇਕ ਵਾਰ ਟ੍ਰਾਂਜੈਕਸ਼ਨ ਦੀ ਖਰੀਦਾਰੀ ਲਈ eWallet ਰੱਦ ਨਹੀਂ ਕੀਤਾ ਜਾਵੇਗਾ।

19. ਇਸ eWallet ਦੀ ਵਰਤੋਂ ਨਾਲ ਸਬੰਧਤ ਕਿਸੇ ਟ੍ਰਾਂਜੈਕਸ਼ਨ ਤੋਂ ਪੈਦਾ ਹੋ ਰਹੇ ਕੋਈ ਵਿਵਾਦ ਮੁੰਬਈ ਕੋਰਟਸ ਦੀ ਨਵੇਕਲੇ ਅਧਿਕਾਰ-ਖੇਤਰ ਦੇ ਅਧੀਨ ਹੋਣਗੇ।

20. ਇਸ eWallet ਨੂੰ ਵਰਤ ਕੇ ਕੀਤੀਆਂ ਸਾਰੀਆਂ ਟ੍ਰਾਂਜੈਕਸ਼ਨਾਂ ਲਾਗੂ ਭਾਰਤੀ ਕਾਨੂੰਨਾਂ ਦੇ ਅਧੀਨ ਹੁੰਦੀਆਂ ਹਨ।

21. ਇਸ eWallet ਨਾਲ ਜੁੜੇ ਸਾਰੇ ਵਿਵਾਦ Itz Cash Card Limited ਦੁਆਰਾ ਇਸ ਦੀ ਇਕਮਾਤਰ ਇੱਛਾ ਤੇ ਕੀਤੇ ਜਾਣਗੇ ਅਤੇ ਇਸ ਵਿਸ਼ੇ ਵਿੱਚ Itz Cash Card Limited ਦਾ ਫੈਸਲਾ ਅੰਤਿਮ ਹੋਵੇਗਾ।

ਉਪਰੋਕਤ ਨਿਯਮ ਅਤੇ ਸ਼ਰਤਾਂ ItzCash eWallet ਨੂੰ ਪੂਰਵਲੇ ਨੋਟਿਸ ਦੇ ਬਿਨਾਂ ਬਦਲੇ, ਸੰਸ਼ੋਧਿਤ ਕੀਤੇ ਅਤੇ ਸੁਧਾਰੇ ਜਾ ਸਕਦੇ ਹਨ।

ਕਾਲ ਸੈਂਟਰ ਜਾਣਕਾਰੀ:

- ਵਧੇਰੇ ਵੇਰਵਿਆਂ ਅਤੇ ਪੁੱਛ-ਗਿੱਛ ਲਈ, ਸਾਡੇ ਕਾਲ ਸੈਂਟਰ ਨੰ. 022 5112 5757 ਤੇ ਕਾਲ ਕਰੋ

- ਤੁਸੀਂ Itzhelp ਨੂੰ <Your Query/ਤੁਹਾਡਾ ਸਵਾਲ> 57575 ਤੇ SMS ਕਰ ਸਕਦੇ ਹੋ ਜਾਂ ਸਾਨੂੰ help@itzcash.com ਤੇ ਈਮੇਲ ਕਰ ਸਕਦੇ ਹੋ ਜਾਂ ItzCash website ਤੇ ਜਾਓ ਅਤੇ Help Desk/ਹੈਲਪ ਡੈਸਕ ਤੇ ਕਲਿਕ ਕਰੋ, ਆਪਣੇ ਸਵਾਲ ਅਤੇ ਵੇਰਵੇ ਦਰਜ ਕਰੋ।